**ਪੰਜਾਬ ਸਰਕਾਰ**
**ਸਥਾਨਕ ਸਰਕਾਰ ਵਿਭਾਗ**
**(ਸਥਾਨਕ ਸਰਕਾਰ -1 ਸ਼ਾਖ਼ਾ)**

**ਨੋਟੀਫਿਕੇਸ਼ਨ**

ਨੰ:6/1/2017-2ਸਸ1/ ਮਿਤੀ:

ਨਗਰ ਨਿਗਮ, ਮੋਗਾ ਵੱਲੋਂ ਆਪਣੇ ਮਤਾ ਨੰਬਰ 40 ਮਿਤੀ 08-01-2016 ਰਾਹੀਂ ਪੰਜਾਬ ਮਿਉਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 399 ਦੀ ਸਬ-ਧਾਰਾ J(4A) ਅਧੀਨ ਦਰਜ ਮਦਾਂ ਦੇ ਲਾਈਸੰਸ ਫ਼ੀਸ ਜਾਰੀ ਕਰਨ ਲਈ ਅਤੇ ਲਾਈਸੰਸਾਂ ਦੀ ਫ਼ੀਸ ਦੀ ਦਰ ਅਤੇ ਸ਼ਰਤਾਂ ਨਿਸ਼ਚਿਤ ਕੀਤੀਆਂ ਗਈਆਂ ਹਨ। ਇਸ ਸਬੰਧੀ ਨਗਰ ਨਿਗਮ, ਮੋਗਾ ਵੱਲੋਂ ਡਾਇਰੈਕਟਰ, ਲੋਕ ਸੰਪਰਕ ਵਿਭਾਗ, ਪੰਜਾਬ, ਚੰਡੀਗੜ੍ਹ ਜੀ ਨੂੰ ਆਪਣੇ ਪੱਤਰ ਨੰਬਰ 100 ਮਿਤੀ 18-01-2016 ਰਾਹੀਂ ਤਿੰਨ ਅਖ਼ਬਾਰਾਂ (ਦੈਨਿਕ ਜਾਗਰਣ (ਹਿੰਦੀ), ਅਜੀਤ (ਪੰਜਾਬੀ) ਅਤੇ ਇੰਗਲਿਸ਼ ਟ੍ਰਿਬਿਊਨ) ਰਾਹੀਂ ਪਬਲਿਕ ਨੋਟਿਸ ਦੇ ਕੇ ਇਤਰਾਜ਼ ਅਤੇ ਸੁਝਾਅ ਮੰਗੇ ਗਏ ਸਨ ਜਿਸ 'ਤੇ ਦੋ ਅਖ਼ਬਾਰਾਂ (ਅਜੀਤ (ਪੰਜਾਬੀ) ਅਤੇ ਦੀ ਟ੍ਰਿਬਿਊਨ) ਮਿਤੀ 26-01-2016 ਰਾਹੀਂ ਪਬਲੀਕੇਸ਼ਨ ਹੋਈ ਸੀ।

2. ਮਿੱਥੇ ਸਮੇਂ ਵਿੱਚ ਕੋਈ ਵੀ ਇਤਰਾਜ਼/ਸੁਝਾਅ ਪ੍ਰਾਪਤ ਨਹੀਂ ਹੋਇਆ ਸੀ ਅਤੇ ਨਿਸ਼ਚਿਤ ਕੀਤੀਆਂ ਮਦਾਂ ਦੇ ਲਾਈਸੰਸ ਜਾਰੀ ਕਰਨ ਅਤੇ ਲਾਈਸੰਸ ਫ਼ੀਸ ਨਿਰਧਾਰਤ ਕਰਨ ਸਬੰਧੀ ਨਗਰ ਨਿਗਮ, ਮੋਗਾ ਵੱਲੋਂ ਹੁਕਮ ਨੰਬਰ 112 ਮਿਤੀ 10-08-2016 ਰਾਹੀਂ ਪ੍ਰਵਾਨ ਕਰ ਲਿਆ ਸੀ।

3. ਹੁਣ ਪੰਜਾਬ ਨਗਰ ਨਿਗਮ ਐਕਟ, 1976 (ਐਕਟ ਨੰਬਰ 42 ਆਫ਼ 1976) ਦੀ ਧਾਰਾ 90 ਦੀ ਉਪ-ਧਾਰਾ 3 ਅਤੇ ਇਸ ਸਬੰਧੀ ਮਿਲੇ ਦੂਜੇ ਹੋਰ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਪੰਜਾਬ ਦੇ ਰਾਜਪਾਲ ਪ੍ਰਸੰਸਨਾ ਪੂਰਵਕ ਘੋਸ਼ਣਾ ਕਰਦੇ ਹਨ ਕਿ ਨਗਰ ਨਿਗਮ, ਮੋਗਾ ਵਿਖੇ ਪੰਜਾਬ ਨਗਰ ਨਿਗਮ ਐਕਟ, 1976 ਦੀ ਧਾਰਾ 399 ਦੀ ਸਬ-ਧਾਰਾ J(4A) ਅਧੀਨ ਦਰਜ ਮਦਾਂ ਦੇ ਲਾਈਸੰਸ ਫ਼ੀਸ ਜਾਰੀ ਕਰਨ ਲਈ ਅਤੇ ਲਾਈਸੰਸਾਂ ਦੀ ਫ਼ੀਸ ਦੀ ਦਰ ਅਤੇ ਸ਼ਰਤਾਂ ਨੋਟੀਫਿਕੇਸ਼ਨ ਜ਼ਾਰੀ ਹੋਣ ਦੀ ਮਿਤੀ ਤੋਂ ਹੇਠਾਂ ਦਿੱਤੀ ਅਨੁਸੂਚੀ ਅਨੁਸਾਰ ਕੀਤੀਆਂ ਜਾਂਦੀਆਂ ਹਨ:-

***ਰਿਕਸ਼ਾ/ਰਿਹੜੀ ਆਦਿ ਦੀ ਲਾਈਸੰਸ ਫ਼ੀਸ 100/- ਰੁਪਏ ਪ੍ਰਤੀ ਪਲੇਟ ਪ੍ਰਤੀ ਸਾਲ***

***ਸ਼ਰਤਾਂ:-***

1. ਹਰੇਕ ਰਿਕਸ਼ਾ/ਰਿਹੜੀ ਵਾਲੇ ਨੂੰ ਆਪਣੇ ਵਾਹਨ ਆਦਿ ਨੂੰ ਚੰਗੀ ਤਰ੍ਹਾਂ ਸਾਫ਼-ਸੁਥਰਾ ਅਤੇ ਰਿਪੇਅਰਬੱਧ ਰੱਖਣਾ ਜ਼ਰੂਰੀ ਹੋਵੇਗਾ ਅਤੇ ਬਾਈਲਾਜ਼ ਮੁਤਾਬਕ ਉਕਤ ਚਾਲਕ ਦੀ ਰਿਹੜੀ/ਰਿਕਸ਼ਾ ਪੂਰਣ ਰੂਪ ਵਿੱਚ ਸਹੀ ਹਾਲਤ ਵਿੱਚ ਹੋਣੀ ਚਾਹੀਦੀ ਹੈ।
2. ਹਰੇਕ ਰਿਕਸ਼ਾ/ਰਿਹੜੀ ਚਾਲਕ ਨੂੰ ਹੇਠ ਲਿਖਿਆਂ ਵੱਲੋਂ ਮੰਗੇ ਮੁਤਾਬਕ ਆਪਣਾ ਲਾਈਸੰਸ ਵਿਖਾਉਣਾ ਜ਼ਰੂਰੀ ਹੋਵੇਗਾ:-
   a) ਕੋਈ ਵੀ ਮੈਜਿਸਟ੍ਰੇਟ
   b) ਲਾਇਸੈਂਸਿੰਗ ਅਫ਼ਸਰ
   c) ਲਾਇਸੈਂਸਿੰਗ ਇੰਸਪੈਟਰ ਜਾਂ ਕੋਈ ਕਰਮਚਾਰੀ/ਅਧਿਕਾਰੀ ਜਿਸਨੂੰ ਕਾਰਪੋਰੇਸ਼ਨ ਨੇ ਲਾਇਸੰਸ ਚੈੱਕ ਕਰਨ ਦਾ ਅਧਿਕਾਰ ਦਿੱਤਾ ਹੋਵੇ।
   d) ਕੋਈ ਵੀ ਪੁਲਿਸ ਅਫ਼ਸਰ ਜਿਹੜਾ ਕਿ ਡਿਊਟੀ 'ਤੇ ਹੋਵੇ।
   e) ਕੋਈ ਵੀ ਵਿਅਕਤੀ ਜੋ ਕਿ ਉਕਤ ਗੱਡੀਆਂ ਨੂੰ ਕਿਰਾਏ ਆਦਿ 'ਤੇ ਲੈਂਦਾ
3. ਜਿਹੜਾ ਚਾਲਕ, ਉਹੀ ਮਾਲਕ ''ਸਿਰਫ਼ ਇਸ ਮੰਤਵ ਲਈ''।
4. ਸਰਕਾਰ ਵੱਲੋਂ ਬਣਾਏ ਗਏ ਨਿਯਮਾਂ/ਬਾਈਲਾਜ਼ ਦੀ ਉਲੰਘਣਾ ਕਰਨ 'ਤੇ ਪੈਨਲਟੀ/ਸਜ਼ਾ ਦਾ ਭਾਗੀਦਾਰ ਹੋਣਾ।

5. ਰਿਕਸ਼ਾ/ਰਿਹੜੀ ਚਾਲਕ ਨੂੰ ਜਿਸਨੂੰ ਕਿ ਬਾਈਲਾਜ਼ ਮੁਤਾਬਕ ਲਾਇਸੰਸ ਜਾਰੀ ਹੋਇਆ ਹੋਵੇਗਾ ਜਾਂ ਪ੍ਰਕ੍ਰਿਆ ਅਧੀਨ ਹੋਵੇਗਾ, ਹੇਠ ਲਿਖੇ ਅਨੁਸਾਰ ਨਹੀਂ ਕਰੇਗਾ:-

a) ਆਪਣਾ ਰਿਕਸ਼ਾ/ਰਿਹੜੀ ਕਿਸੇ ਵੀ ਅਜਿਹੇ ਵਿਅਕਤੀ ਨੂੰ ਚਲਾਉਣ/ਖਿੱਚਣ ਲਈ ਦੇਣਾ ਜਿਸਨੂੰ ਨਗਰ ਨਿਗਮ ਤੋਂ ਲਾਇਸੰਸ ਪ੍ਰਾਪਤ ਨਾ ਹੋਇਆ ਹੋਵੇ।

b) ਰਿਕਸ਼ਾ/ਰਿਹੜੀ ਆਦਿ ਚਲਾਉਣਾ ਜਦੋਂ ਕਿ ਛੂਤ ਆਦਿ ਦੀ ਬੀਮਾਰੀ ਹੋਵੇ।

c) ਵਸਤਾਂ ਆਦਿ ਨੂੰ ਲਿਜਾਉਣ ਤੋਂ ਇਨਕਾਰੀ ਕਰਨਾ ਅਤੇ ਸਵਾਰੀ ਆਦਿ ਢੋਣ ਤੋਂ ਇਨਕਾਰੀ ਕਰਨਾ।

d) ਆਪਣੇ ਰਿਕਸ਼ਾ/ਰਿਹੜੀ ਨੂੰ ਜਨਤਕ ਥਾਂਵਾਂ ਅਤੇ ਫੁੱਟਪਾਥ ਆਦਿ 'ਤੇ ਛੱਡਣਾ ਜਿਸ ਨਾਲ ਕਿ ਪਬਲਿਕ ਨੂੰ ਪਰੇਸ਼ਾਨੀ ਹੋਵੇ ਜਾਂ ਟ੍ਰੈਫਿਕ ਵਿੱਚ ਵਿਘਨ ਪਵੇ।

e) ਲਾਇਸੈਂਸਿੰਗ ਕਲਰਕ/ਅਫ਼ਸਰ/ਇੰਸਪੈਕਟਰ ਵੱਲੋਂ ਕਹਿਣ 'ਤੇ ਰਿਕਸ਼ਾ ਅਤੇ ਲਾਇਸੰਸ ਵਿਖਾਉਣ ਤੋਂ ਇਨਕਾਰੀ ਕਰਨਾ।

f) ਸਰਕਾਰ ਵੱਲੋਂ ਅਜਿਹੀਆਂ ਘੋਸ਼ਿਤ ਬੀਮਾਰੀਆਂ ਜਿਹੜੀਆਂ ਕਿ ਛੂਤ ਆਦਿ ਨਾਲ ਸਬੰਧਤ ਹੋਣ ਤੋਂ ਪੀੜਿਤ ਸਵਾਰੀਆਂ ਨੂੰ ਮੈਡੀਕਲ ਅਫ਼ਸਰ ਤੋਂ ਪੁੱਛੇ/ਮਨਜ਼ੂਰੀ ਤੋਂ ਬਗੈਰ ਲਿਜਾਣਾ।

g) ਰਿਕਸ਼ਾ/ਰਿਹੜੀ ਚਾਲਕ ਵੱਲੋਂ ਫਟੇ-ਪੁਰਾਣੇ ਕੱਪੜੇ ਪਾਉਣਾ ਅਤੇ ਰੱਖਣਾ ਅਤੇ ਸਰਕਾਰ/ਨਗਰ ਨਿਗਮ ਵੱਲੋਂ ਵਰਦੀ ਪਾਉਣ ਦੇ ਹੁਕਮ ਤੋਂ ਇਨਕਾਰੀ ਕਰਨਾ।

h) ਲਾਈਸੈਂਸਿੰਗ ਅਫ਼ਸਰ ਵੱਲੋਂ ਰਿਕਸ਼ਾ/ਰਿਹੜੀ ਦੀ ਮੁਰੰਮਤ ਸਬੰਧੀ ਜਾਰੀ ਕੀਤੇ ਹੁਕਮ ਦੀ ਉਲੰਘਣਾ ਕਰਨੀ।

i) ਕਾਰਪੋਰੇਸ਼ਨ ਦੁਆਰਾ ਨਿਸ਼ਚਿਤ ਕੀਤੇ ਕਿਰਾਏ ਦੇ ਚਾਰਜ ਤੋਂ ਵੱਧ ਚਾਰਜ ਲੈਣਾ।

j) ਕਿਸੇ ਸਰਕਾਰੀ ਸੰਸਥਾ/ਕਮੇਟੀ ਨੂੰ ਜ਼ਰੂਰਤ ਪੈਣ 'ਤੇ ਕਿਰਾਏ ਦੀ ਰਸੀਦ ਦੇਣ ਤੋਂ ਇਨਕਾਰੀ ਕਰਨਾ।

k) ਰਿਕਸ਼ਾ/ਰਿਹੜੀ ਆਦਿ ਚਲਾਉਂਦੇ ਸਮੇਂ ਮੋਬਾਇਲ ਫ਼ੋਨ ਦੀ ਵਰਤੋਂ ਕਰਨਾ ਅਤੇ ਨਸ਼ਾ ਕਰਨਾ।

l) ਰਿਕਸ਼ਾ/ਰਿਹੜੀ ਆਦਿ ਦੇ ਸਰਕਾਰ ਵੱਲੋਂ ਸਮੇਂ-ਸਮੇਂ ਤੇ ਕੀਤੇ ਹੋਏ ਲੋਡਿੰਗ-ਅਨਲੋਡਿੰਗ ਅਤੇ ਚੱਕਿਆਂ ਦੀ ਚੌੜਾਈ ਅਤੇ ਵਿਆਸ ਬਾਰੇ ਕੀਤੇ ਦਿਸ਼ਾ-ਨਿਰਦੇਸ਼ਾਂ ਤੋਂ ਇਨਕਾਰੀ ਕਰਨਾ।

m) ਲਾਈਸੰਸ ਅਥਾਰਟੀ ਵੱਲੋਂ ਲਾਈਸੰਸ ਬਣਾਉਣ ਵੇਲੇ ਲੋੜ ਪੈਣ ਤੇ ਪਹਿਚਾਣ-ਪੱਤਰ ਵਿਖਾਉਣ/ਦੇਣ ਤੋਂ ਇਨਕਾਰੀ ਕਰਨਾ।

6. ਸਰਕਾਰ/ਨਗਰ ਨਿਗਮ ਵੱਲੋਂ ਸਮੇਂ-ਸਮੇਂ 'ਤੇ ਜਾਰੀ ਕੀਤਆਂ ਹਦਾਇਤਾਂ ਦੀ ਪਾਲਣਾ ਨਾ ਕਰਨ ਅਤੇ ਉਕਤ ਦਰਸਾਈਆਂ ਹੋਈਆਂ ਸ਼ਰਤਾਂ ਦੀ ਪਾਲਣਾ ਨਾ ਕਰਨ 'ਤੇ ਨਗਰ ਨਿਗਮ ਵੱਲੋਂ ਰਿਕਸ਼ਾ/ਰਿਹੜੀ ਜ਼ਬਤ ਕਰ ਲਿਆ ਜਾਵੇਗਾ ਅਤੇ ਕਾਨੂੰਨ ਅਨੁਸਾਰ ਕਾਰਵਾਈ ਕਰ ਲਈ ਜਾਵੇਗੀ

ਸਤੀਸ਼ ਚੰਦਰਾ,ਆਈ.ਏ.ਐਸ
ਵਧੀਕ ਮੁੱਖ ਸਕੱਤਰ,ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ

ਮਿਤੀ:ਚੰਡੀਗੜ੍ਹ
11 ਮਈ 2017

**ਪਿੱਠ ਅੰਕਣ ਨੰ:6/1/2017-2ਸਸ1/** ਮਿਤੀ:

ਇਸਦਾ ਇੱਕ ਉਤਾਰਾ ਕੰਟ੍ਰੋਲਰ, ਛਪਾਈ ਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਨੂੰ ਭੇਜਿਆ ਜਾਂਦਾ ਹੈ। ਉਹਨਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਇਸ ਨੋਟੀਫਿਕੇਸ਼ਨ ਨੂੰ ਅਸਾਧਾਰਣ ਗਜ਼ਟ ਵਿੱਚ ਛਾਪ ਕੇ ਉਸ ਦੀਆਂ 50 ਕਾਪੀਆਂ ਇਸ ਵਿਭਾਗ ਨੂੰ ਦਫ਼ਤਰੀ ਰਿਕਾਰਡ ਵਾਸਤੇ ਭੇਜੀਆਂ ਜਾਣ।

ਵਧੀਕ ਸਕੱਤਰ, ਸਥਾਨਕ ਸਰਕਾਰ

**ਪਿੱਠ ਅੰਕਣ ਨੰ:6/1/2017-2ਸਸ1/** 937　　　　　　　ਮਿਤੀ: 15/05/17

ਇਸਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਡਿਪਟੀ ਕਮਿਸ਼ਨਰ, ਮੋਗਾ।
2. ਡਾਇਰੈਕਟਰ, ਟਾਊਨ ਪਲੈਨਿੰਗ, ਸਥਾਨਕ ਸਰਕਾਰ ਵਿਭਾਗ।
3. ਕਮਿਸ਼ਨਰ, ਨਗਰ ਨਿਗਮ, ਮੋਗਾ
4. ਡਾਇਰੈਕਟਰ, ਸਥਾਨਕ ਸਰਕਾਰ ਵਿਭਾਗ, ਪੰਜਾਬ, ਚੰਡੀਗੜ੍ਹ।

ਵਧੀਕ ਸਕੱਤਰ, ਸਥਾਨਕ ਸਰਕਾਰ